Calgary

# ਕੀ ਤੁਹਾਡਾ ਘਰ 2020 ਗੜੇ ਪੈਣ ਦੀ ਘਟਨਾ ਨਾਲ ਪ੍ਰਭਾਵਤ ਹੋਇਆ ਸੀ?

## ਮੇਰੇ ਘਰ ਨੂੰ ਗੜਿਆਂ ਨਾਲ ਨੁਕਸਾਨ ਹੋਇਆ ਹੈ ਅਤੇ/ਜਾਂ ਹੜ੍ਹ ਆ ਗਿਆ ਹੈ - ਸਭ ਤੋਂ ਪਹਿਲਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

City of Calgary (ਸਿਟੀ ਔਫ਼ ਕੈਲਗਰੀ) ਸਿਫਾਰਸ਼ ਕਰਦੀ ਹੈ ਕਿ ਤੁਸੀਂ ਆਪਣੀ ਪ੍ਰਾਪਰਟੀ 'ਤੇ ਕੋਈ ਮੁਰੰਮਤ ਦਾ ਕੰਮ ਕਰਨ ਤੋਂ ਪਹਿਲਾਂ ਆਪਣੇ ਘਰ ਦੇ ਇੰਸ਼ੋਰੈਂਸ ਪ੍ਰਦਾਤਾ ਨਾਲ ਸੰਪਰਕ ਕਰੋ। 1 ਫਰਵਰੀ, 2014 ਤੋਂ ਐਲਬਰਟਾ ਵਿੱਚ ਇਜਾਜ਼ਤ ਨਾਲ ਬਣਨ ਵਾਲੇ ਸਾਰੇ ਘਰਾਂ ਨੂੰ Provincial New Home Warranty Registration (ਪ੍ਰੋਵਿੰਸ਼ੀਅਲ ਨਿਊ ਹੋਮ ਵਾਰੰਟੀ ਰਜਿਸਟਰੇਸ਼ਨ) ਕਰਵਾਉਣ ਦੀ ਲੋੜ ਹੈ। ਇਸ ਪ੍ਰੋਵਿੰਸ਼ੀਅਲ ਪ੍ਰੋਗਰਾਮ ਦੁਆਰਾ ਕੀ ਨੁਕਸਾਨ ਕਵਰ ਹੋ ਸਕਦਾ ਹੈ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ **https://www.alberta.ca/new-home-warranty-overview.aspx** ਤੇ ਜਾਓ।

## ਮੈਂ ਮੁਰੰਮਤ ਦਾ ਕੰਮ ਸ਼ੁਰੂ ਕਰਨਾ ਚਾਹੁੰਦਾ/ਦੀ ਹਾਂ। ਇਕ ਠੇਕੇਦਾਰ ਨੂੰ ਕੰਮ ਲਈ ਨਿਯੁਕਤ ਕਰਨ ਤੋਂ ਪਹਿਲਾਂ ਮੈਨੂੰ ਕੀ ਜਾਣਨ ਦੀ ਜ਼ਰੂਰਤ ਹੈ?

ਠੇਕੇਦਾਰਾਂ ਕੋਲ ਇਕ ਜਾਇਜ਼ City of Calgary (ਸਿਟੀ ਔਫ਼ ਕੈਲਗਰੀ) ਬਿਜ਼ਨਸ ਲਾਇਸੈਂਸ ਹੋਣਾ ਲੁੜੀਂਦਾ ਹੈ ਅਤੇ ਸਿਟੀ ਕੋਲ ਇਸ ਲਾਇਸੈਂਸ ਨੂੰ ਮੁਅੱਤਲ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਹੈ। ਹਾਲਾਂਕਿ ਬਹੁਤ ਸਾਰੇ ਠੇਕੇਦਾਰ ਜਾਇਜ਼ ਕਾਰੋਬਾਰੀ ਹੁੰਦੇ ਹਨ, ਠੇਕੇਦਾਰਾਂ ਨੂੰ ਕੰਮ ਲਈ ਨਿਯੁਕਤ ਕਰਨ ਤੋਂ ਪਹਿਲਾਂ, ਇੱਥੇ ਇਸ ਬਾਰੇ ਜਾਣਕਾਰੀ ਹੈ ਕਿ ਖਰਾਬ ਕਾਰੋਬਾਰੀ ਅਭਿਆਸਾਂ ਤੋਂ ਬਚਾਅ ਲਈ ਤੁਸੀਂ ਕੀ ਕਰ ਸਕਦੇ ਹੋ:

- ਠੇਕੇਦਾਰ/ਕੰਪਨੀ ਦੇ ਕਾਰੋਬਾਰ ਜਾਂ ਵਪਾਰ ਦਾ ਨਾਮ, ਮਾਲਕ ਦਾ ਨਾਮ, ਅਤੇ ਵਪਾਰ ਦਾ ਪਤਾ ਅਤੇ ਫੋਨ ਨੰਬਰ ਪ੍ਰਾਪਤ ਕਰੋ।
- ਇਸ ਦੀ ਪੁਸ਼ਟੀ ਕਰਨ ਲਈ 311 ਤੇ ਕਾਲ ਕਰੋ ਕਿ ਕੀ ਠੇਕੇਦਾਰ ਕੋਲ ਇੱਕ ਜਾਇਜ਼ ਵਪਾਰਕ ਲਾਇਸੈਂਸ ਹੈ।
- Better Business Bureau (ਬੈਟਰ ਬਿਜ਼ਨਸ ਬਿਊਰੋ) ਨੂੰ 403-531-8784 ਤੇ ਕਾਲ ਕਰੋ

## ਮੈਂ ਆਪਣੇ ਘਰ ਜਾਂ ਕਾਰੋਬਾਰ ਨੂੰ ਹੋਏ ਨੁਕਸਾਨ ਦੀ ਮੁਰੰਮਤ ਲਈ ਸਿਟੀ ਨਾਲ ਕਿਵੇਂ ਕੰਮ ਕਰਾਂ?

ਅਸੀਂ ਕੈਲਗਰੀ ਵਾਸੀਆਂ ਦੀ ਮਦਦ ਲਈ ਵਚਨਬੱਧ ਹਾਂ। ਤੁਹਾਡੇ ਘਰ ਦੀ ਮੁਰੰਮਤ, ਪੁਨਰਸਥਾਪਨਾ ਜਾਂ ਮੁੜ ਬਣਾਉਣ ਦਾ ਸਮਾਂ ਤੁਹਾਡੇ ਅਤੇ ਤੁਹਾਡੇ ਠੇਕੇਦਾਰ ਦੇ ਕਾਰਜਕ੍ਰਮ ਦੇ ਅਧਾਰ ਤੇ ਵੱਖੋ ਵੱਖਰਾ ਹੋਵੇਗਾ। ਤੁਹਾਡੀ ਜ਼ਰੂਰਤ ਦੇ ਪਰਮਿਟ(ਟਾਂ) ਦੀ ਕਿਸਮ(ਮਾਂ) 'ਤੇ ਨਿਰਭਰ ਕਰਦਿਆਂ, ਸਮੇਂ ਦੀ ਲੰਬਾਈ ਵੱਖ ਵੱਖ ਹੋਵੇਗੀ। ਕੰਮ ਦੀ ਪ੍ਰਕਿਰਤੀ ਦੇ ਅਧਾਰ ਤੇ ਹਰੇਕ ਪਰਮਿਟ ਪ੍ਰਕਿਰਿਆ ਵੱਖਰੀ ਹੋ ਸਕਦੀ ਹੈ। ਅਸੀਂ ਸਮਝਦੇ ਹਾਂ ਕਿ ਇਹ ਮੁਸ਼ਕਲ ਸਮਾਂ ਹੈ ਅਤੇ ਅਸੀਂ ਜਿੰਨਾ ਸੰਭਵ ਹੋ ਸਕੇ, ਤੁਹਾਡਾ ਸਮਰਥਨ ਕਰਨਾ ਜਾਰੀ ਰੱਖਾਂਗੇ।

## ਮੇਰੇ 2021 ਪ੍ਰਾਪਰਟੀ ਮੁਲਾਂਕਣ ਦੇ ਨਾਲ ਕੀ ਹੋਵੇਗਾ?

2020 ਦੇ ਪ੍ਰਾਪਰਟੀ ਮੁਲਾਂਕਣ ਅਤੇ ਟੈਕਸ ਸਮੇਂ-ਅਵਧੀ ਦੇ ਹੁਣ ਸਮਾਪਤ ਹੋਣ ਦੇ ਨਾਲ, ਅਸੈਸਮੈਂਟ ਨੇ 2021 ਦੇ ਪ੍ਰਾਪਰਟੀ ਮੁਲਾਂਕਣਾਂ ਨੂੰ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਆਉਣ ਵਾਲੇ ਮਹੀਨਿਆਂ ਦੇ ਦੌਰਾਨ, ਅਸੀਂ ਪ੍ਰਾਪਰਟੀ ਦੀ ਜਾਣਕਾਰੀ ਨੂੰ ਇਕੱਤਰ ਕਰਾਂਗੇ ਅਤੇ ਸਮੀਖਿਆ ਕਰਾਂਗੇ ਜਿਸ ਵਿੱਚ ਸੇਲਜ਼ ਡੇਟਾ ਸ਼ਾਮਲ ਹੈ, ਤਾਕਿ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਆਉਣ ਵਾਲੇ ਮੁਲਾਂਕਣ ਦੇ ਮੁੱਲ ਸਾਰੇ ਟੈਕਸਦਾਤਾਵਾਂ ਲਈ ਨਿਰਪੱਖ ਅਤੇ ਇਕਸਾਰ ਰਹਿਣ। ਤੁਹਾਡੇ 2021 ਦੇ ਪ੍ਰਾਪਰਟੀ ਮੁਲਾਂਕਣ ਦੇ ਮੁੱਲ ਮਾਰਕੀਟ ਦੇ ਮੁੱਲ ਵਿੱਚ ਤਬਦੀਲੀਆਂ ਦਰਸਾਉਣਗੇ ਜੇ ਤੁਹਾਡੀ ਪ੍ਰਾਪਰਟੀ ਵਿੱਚ ਕੋਈ ਤਬਦੀਲੀ ਹੋਈ ਹੈ। ਮੁਲਾਂਕਣ ਨੋਟਿਸ 2021 ਦੇ ਸ਼ੁਰੂ ਵਿਚ ਭੇਜੇ ਜਾਣਗੇ। ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਕਿਵੇਂ ਤਿਆਰ ਕੀਤਾ ਜਾਂਦਾ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ **calgary.ca/assessment** ਤੇ ਜਾਓ। ਜੇ ਤੁਹਾਡੇ ਪ੍ਰਾਪਰਟੀ ਮੁਲਾਂਕਣ ਬਾਰੇ ਕੋਈ ਵਿਸ਼ੇਸ਼ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ (403) 268-2888 'ਤੇ ਸੰਪਰਕ ਕਰੋ।

## ਨੁਕਸਾਨ ਦੀਆਂ ਕਿਸਮਾਂ

### ਮੁਰੰਮਤ ਕਰਨਾ ਜਾਂ ਤਬਦੀਲ ਕਰਨਾ

**ਤੁਸੀਂ ਵਿਚਾਰ ਰਹੇ ਹੋ:**

- ਛੱਤ ਦੀ ਸਮਗਰੀ (ਅਰਥਾਤ ਸ਼ਿੰਗਲਜ਼) ਦੀ ਮੁਰੰਮਤ ਕਰਨ ਜਾਂ ਬਦਲਣ ਬਾਰੇ
- ਸਾਈਡਿੰਗ ਜਾਂ ਟ੍ਰਿਮ ਦੀ ਮੁਰੰਮਤ ਕਰਨ ਜਾਂ ਬਦਲਣ ਬਾਰੇ
- ਦਰਵਾਜ਼ੇ, ਖਿੜਕੀਆਂ ਜਾਂ ਸਕਾਇਲਾਈਟਸ ਦੀ ਮੁਰੰਮਤ ਕਰਨ ਜਾਂ ਬਦਲਣ ਬਾਰੇ
- ਛੱਤ ਦੇ ਹੇਠਾਂ ਦੇ ਗਟਰ (eavestroughs) ਅਤੇ ਛੱਤ ਤੋਂ ਪਾਣੀ ਲਿਆਉਣ ਵਾਲੀਆਂ ਪਾਈਪਾਂ (downspouts) ਦੀ ਮੁਰੰਮਤ ਕਰਨ ਜਾਂ ਬਦਲਣ ਬਾਰੇ
- ਬਾਹਰੀ ਲਾਈਟਿੰਗ ਦੀ ਮੁਰੰਮਤ ਕਰਨ ਜਾਂ ਬਦਲਣ ਬਾਰੇ
- ਜੇ ਹੜ੍ਹ ਨਾਲ ਨੁਕਸਾਨ ਹੋਇਆ ਹੈ, ਤਾਂ ਨੁਕਸਾਨ ਦੇ ਕਾਰਨ ਆਪਣੀ ਫਰਨੈਸ, ਗਰਮ ਪਾਣੀ ਦਾ ਟੈਂਕ ਜਾਂ ਇਲੈਕਟ੍ਰੀਕਲ ਪੈਨਲ ਨੂੰ ਤਬਦੀਲ ਕਰਨ ਬਾਰੇ, ਪਰ ਆਪਣੇ ਘਰ ਜਾਂ ਬੇਸਮੈਂਟ ਦੇ ਖਾਕੇ (ਲੇਆਉਟ) ਵਿਚ ਕੋਈ ਤਬਦੀਲੀ ਨਹੀਂ ਕਰ ਰਹੇ
- ਕਿਸੇ ਬਣੇ ਹੋਏ ਡੈੱਕ, ਫੈਂਸ ਜਾਂ ਗੈਰਾਜ ਨੂੰ ਨੁਕਸਾਨ ਦੇ ਕਾਰਨ ਮੁਰੰਮਤ ਕਰਨ ਜਾਂ ਬਦਲਣ ਬਾਰੇ
- ਤੁਸੀਂ ਆਪਣਾ ਘਰ ਦੁਬਾਰਾ ਬਣਾਉਣ ਬਾਰੇ ਵਿਚਾਰ ਨਹੀਂ ਕਰ ਰਹੇ ਹੋ

### ਮੁੜ ਬਣਾਉਣਾ ਜਾਂ ਪੁਨਰਸਥਾਪਿਤ ਕਰਨਾ

**ਤੁਸੀਂ ਵਿਚਾਰ ਰਹੇ ਹੋ:**

- ਆਪਣਾ ਘਰ ਦੁਬਾਰਾ ਬਣਾਉਣ ਬਾਰੇ
- ਤੁਹਾਡੇ ਘਰ ਨੂੰ ਹੜ੍ਹ ਤੋਂ ਪਹਿਲਾਂ ਦੀ ਸਥਿਤੀ ਵਿਚ ਪੁਨਰਸਥਾਪਿਤ ਕਰਨ ਬਾਰੇ, ਪਰ ਤੁਹਾਡੇ ਘਰ ਦੇ ਢਾਂਚੇ ਨੂੰ ਨੁਕਸਾਨ ਹੋਇਆ ਹੈ
- ਆਪਣੇ ਘਰ ਜਾਂ ਬੇਸਮੈਂਟ ਦੇ ਫਲੋਰ ਪਲੈਨ ਨੂੰ ਬਦਲਣ ਬਾਰੇ

### ਢਾਹੁਣਾ

**ਤੁਸੀਂ ਵਿਚਾਰ ਰਹੇ ਹੋ:**

- ਆਪਣੇ ਘਰ ਨੂੰ ਢਾਹੁਣ ਬਾਰੇ

## ਮੈਨੂੰ ਆਪਣੇ ਘਰ ਵਿਚ ਹੋਏ ਨੁਕਸਾਨ ਨੂੰ ਠੀਕ ਕਰਨ ਲਈ ਕਿਹੜੇ ਪਰਮਿਟ(ਟਾਂ) ਦੀ ਲੋੜ ਹੈ?

ਆਪਣੇ ਘਰ ਵਿੱਚ ਕੰਮ ਨੂੰ ਪੂਰਾ ਕਰਨ ਲਈ ਤੁਹਾਨੂੰ ਕਿਹੜੇ ਪਰਮਿਟਾਂ ਜਾਂ ਕਦਮਾਂ ਦੀ ਜ਼ਰੂਰਤ ਪੈ ਸਕਦੀ ਹੈ ਇਹ ਪਤਾ ਕਰਨ ਲਈ ਹੇਠਾਂ ਦਿੱਤੇ ਚਾਰਟ ਨੂੰ ਵੇਖੋ।

ਸਿਟੀ ਤੁਹਾਡੇ ਘਰ ਦੀ ਮੁਰੰਮਤ ਕਰਵਾਉਣ ਵਿਚ ਕਿਸੇ ਵੀ ਦੇਰੀ ਨੂੰ ਘਟਾਉਣਾ ਚਾਹੁੰਦੀ ਹੈ। ਜ਼ਿਆਦਾਤਰ ਮੁਰੰਮਤ ਜਾਂ ਤਬਦੀਲੀ ਵਾਲੇ ਕੰਮ ਲਈ ਡਿਵੈਲਪਮੈਂਟ ਜਾਂ ਬਿਲਡਿੰਗ ਪਰਮਿਟ ਦੀ ਲੋੜ ਨਹੀਂ ਪਵੇਗੀ। ਲਾਇਸੰਸਸ਼ੁਦਾ ਠੇਕੇਦਾਰ ਨੂੰ ਕਦੋਂ ਕੰਮ ਪੂਰਾ ਕਰਨ ਦੀ ਲੋੜ ਹੁੰਦੀ ਹੈ ਅਤੇ ਕਦੋਂ ਸਿਟੀ ਪਰਮਿਟ ਦੀ ਜ਼ਰੂਰਤ ਹੁੰਦੀ ਹੈ ਬਾਰੇ ਹੇਠਾਂ ਦਿੱਤਾ ਚਾਰਟ ਵੇਖੋ। ਆਪਣੇ ਘਰ 'ਤੇ ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਅਸੀਂ ਤੁਹਾਨੂੰ ਆਪਣੀ ਯੋਜਨਾ ਬਾਰੇ ਚਰਚਾ ਕਰਨ ਲਈ (403) 268-5311 'ਤੇ ਸੰਪਰਕ ਕਰਨ ਦੀ ਸਿਫਾਰਿਸ਼ ਕਰਦੇ ਹਾਂ।

# ਮੁਰੰਮਤ ਕਰਨਾ ਜਾਂ ਤਬਦੀਲ ਕਰਨਾ

### ਤੁਹਾਡੇ ਘਰ ਦੇ ਅੰਦਰ:

ਹੇਠਾਂ ਦਿੱਤੇ ਕੰਮ ਲਈ ਲਾਇਸੰਸਸ਼ੁਦਾ ਠੇਕੇਦਾਰ ਅਤੇ ਸਿਟੀ ਪਰਮਿਟ ਦੀ ਜ਼ਰੂਰਤ ਹੈ। ਲਾਇਸੰਸਸ਼ੁਦਾ ਠੇਕੇਦਾਰ ਪਰਮਿਟ(ਟਾਂ) ਲਈ ਔਨਲਾਈਨ ਅਪਲਾਈ ਕਰ ਸਕਦੇ ਹਨ।

### ਗੈਸ ਦੀ ਮੁਰੰਮਤ

- ਗਰਮ ਪਾਣੀ ਦੇ ਟੈਂਕ ਨੂੰ ਤਬਦੀਲ ਕਰਨ ਲਈ (ਅਪਗ੍ਰੇਡ ਕਰਨ ਜਾਂ ਵੈਂਟਿੰਗ ਵਿੱਚ ਕੋਈ ਬਦਲਾਅ)
- ਫਰਨੈਸ ਤਬਦੀਲੀ ਪੁਰਾਣਾ ਮਾਡਲ (ਅਪਗ੍ਰੇਡ ਕਰਨ ਜਾਂ ਵੈਂਟਿੰਗ ਵਿੱਚ ਕੋਈ ਬਦਲਾਅ)

### ਇਲੈਕਟ੍ਰਿਕਲ ਮੁਰੰਮਤ

- ਇਲੈਕਟ੍ਰਿਕਲ ਪੈਨਲ ਦੀ ਤਬਦੀਲੀ

### ਤੁਹਾਡੇ ਘਰ ਦੇ ਬਾਹਰ:

ਹੇਠ ਦਿੱਤੇ ਕੰਮ ਲਈ ਸਿਟੀ ਪਰਮਿਟ ਦੀ ਲੋੜ ਨਹੀਂ ਹੈ

- ਛੱਤ ਦੀ ਸਮੱਗਰੀ ਦੀ ਮੁਰੰਮਤ ਕਰਨ ਜਾਂ ਛੱਤ ਦੀ ਸਮੱਗਰੀ ਨੂੰ ਉਸ ਹੀ ਕਿਸਮ ਦੀ ਸਮੱਗਰੀ ਦੇ ਨਾਲ ਤਬਦੀਲ ਕਰਨ ਲਈ।
- ਸਾਈਡਿੰਗ ਅਤੇ ਟ੍ਰਿਮ ਦੀ ਮੁਰੰਮਤ ਕਰਨ ਜਾਂ ਸਾਈਡਿੰਗ ਨੂੰ ਉਸ ਹੀ ਕਿਸਮ ਦੀ ਸਾਈਡਿੰਗ ਦੇ ਨਾਲ ਤਬਦੀਲ ਕਰਨ ਲਈ।
- ਦਰਵਾਜ਼ੇ, ਖਿੜਕੀਆਂ ਜਾਂ ਸਕਾਈਲਾਈਟਾਂ ਦੀ ਮੁਰੰਮਤ ਕਰਨ ਜਾਂ ਬਦਲਣ ਲਈ, ਬਸ਼ਰਤੇ ਕੰਮ ਦਾ ਸਹੀ ਮਾਰਕੀਟ ਮੁੱਲ $5000 ਡਾਲਰ ਤੋਂ ਵੱਧ ਨਾ ਹੋਵੇ।
- ਛੱਤ ਦੇ ਹੇਠਾਂ ਦੇ ਗਟਰ (eavestroughs) ਅਤੇ ਛੱਤ ਤੋਂ ਪਾਣੀ ਲਿਆਉਣ ਵਾਲੀਆਂ ਪਾਈਪਾਂ (downspouts) ਦੀ ਮੁਰੰਮਤ ਕਰਨ ਲਈ।
- ਬਾਹਰੀ ਲਾਈਟਿੰਗ ਦੀ ਮੁਰੰਮਤ ਕਰਨ ਜਾਂ ਤਬਦੀਲ ਕਰਨ ਲਈ।
- ਫੈਂਸ ਦੀ ਮੁਰੰਮਤ ਕਰਨ ਜਾਂ ਤਬਦੀਲ ਕਰਨ ਲਈ।

ਹੇਠ ਦਿੱਤੇ ਕੰਮ ਲਈ ਸਿਟੀ ਪਰਮਿਟ ਦੀ ਜ਼ਰੂਰਤ ਹੈ

- ਮੌਜੂਦਾ ਢਾਂਚਿਆਂ ਦੀ ਮੁਰੰਮਤ ਕਰਨ ਜਾਂ ਤਬਦੀਲੀ ਲਈ (ਪਹਿਲਾਂ ਤੋਂ ਮੌਜੂਦਾ ਪਰਮਿਟ), ਜਿਵੇਂ ਕਿ:
  - ਡੈੱਕ (ਕਿਸੇ ਵੀ ਪੌਇੰਟ ਤੇ 600 ਐਮਐਮ ਤੋਂ ਉਪਰ ਦੇ ਗ੍ਰੇਡ),
  - ਰਿਟੇਨਿੰਗ ਦੀਵਾਰਾਂ (1.2 ਮੀਟਰ ਦੀ ਉੱਚਾਈ ਤੋਂ ਵੱਧ)
  - ਡਿਟੈਚ ਕੀਤੇ: ਗੈਰੇਜ, ਕਾਰਪੋਰਟ, ਸ਼ੈੱਡ (10 ਵਰਗ ਮੀਟਰ ਤੋਂ ਵੱਧ)
  - ਫੈਕਟਰੀ ਵਿੱਚ ਬਣੇ (ਧਾਤ ਦੇ) ਲੱਕੜ ਦੇ ਬਾਲਣ ਵਾਲੇ ਫਾਇਰਪਲੇਸ ਅਤੇ ਸਟੋਵ
  - ਸਵਿਮਿੰਗ ਪੂਲ, ਹੌਟ ਟੱਬ, ਕੁਝ ਤਲਾਅ (ਪਾਣੀ ਦੇ ਫ਼ੀਚਰ)
  - ਸੈਕੰਡਰੀ ਸਵੀਟ

ਕਿਰਪਾ ਕਰਕੇ ਇਹ ਵੀ ਨੋਟ ਕਰੋ:

- ਬੈਡਰੂਮ ਦੀਆਂ ਖਿੜਕੀਆਂ ਨੂੰ ਬਦਲਣ ਵੇਲੇ, ਇਹ ਸੁਨਿਸ਼ਚਿਤ ਕਰੋ ਕਿ ਇਕ ਬੈਡਰੂਮ ਵਿਚ ਇਕ ਖਿੜਕੀ ਘੱਟੋ ਘੱਟ 0.35 ਵਰਗ ਮੀਟਰ (3.77 ਵਰਗ ਫੁੱਟ) ਦੀ ਨਿਮਨਤਮ ਨਿਰਵਿਘਨ ਖੁੱਲਣਾ ਪ੍ਰਦਾਨ ਕਰਦੀ ਹੋਵੇ, ਜਿਸਦੀ ਕੋਈ ਵੀ ਆਯਾਮ 380 ਐਮਐਮ (15 ") ਤੋਂ ਘੱਟ ਨਾ ਹੋਵੇ।
- ਬੈਡਰੂਮ ਤੋਂ ਇਲਾਵਾ ਹੋਰ ਕਮਰਿਆਂ ਵਿਚ ਖੁੱਲਣਯੋਗ ਖਿੜਕੀਆਂ ਨੂੰ ਬਦਲਣ ਸਮੇਂ, ਗਿਰਣ ਨੂੰ ਰੋਕਣ ਬਾਰੇ ਵਿਚਾਰ ਕਰਕੇ ਅਜਿਹੀ ਖਿੜਕੀ ਲਗਾਓ ਜਿਸ ਵਿਚ ਇਕ ਅਜਿਹੀ ਵਿਧੀ ਹੈ ਜੋ ਸਿਰਫ ਸੰਦਾਂ ਦੀ ਵਰਤੋਂ ਨਾਲ ਰਿਲੀਜ਼ ਕੀਤੀ ਜਾ ਸਕਦੀ ਹੈ ਜਾਂ ਖਿੜਕੀ ਦੇ ਖੁੱਲਣ ਯੋਗ ਹਿੱਸੇ ਦੇ ਫ੍ਰੀ-ਸਵਿੰਗਿੰਗ ਜਾਂ ਸਲਾਈਡਿੰਗ ਸੰਚਾਲਨ ਨੂੰ ਕਾਬੂ ਕਰਨ ਦੇ ਯੋਗ ਖਾਸ ਗਿਆਨ ਨਾਲ, ਤਾਂ ਕਿ 100 ਐਮਐਮ (4") ਤੋਂ ਵੱਧ ਕਿਸੇ ਵੀ ਸਪੱਸ਼ਟ ਨਿਰਵਿਘਨ ਖੁੱਲਣ ਨੂੰ ਸੀਮਿਤ ਕਰ ਸਕੇ ਲੰਬਕਾਰੀ ਜਾਂ ਖਿਤਿਜੀ ਤੌਰ ਤੇ ਮਾਪਿਆ ਹੋਇਆ, ਜਿੱਥੇ ਦੂਜਾ ਆਯਾਮ 380 ਐਮਐਮ (15") ਤੋਂ ਵੱਧ ਹੈ। ਇਹ ਆਮ ਤੌਰ 'ਤੇ ਜ਼ਰੂਰੀ ਨਹੀਂ ਹੁੰਦਾ ਜਿੱਥੇ ਖਿੜਕੀ ਦੇ ਖੁੱਲ੍ਹੇ ਭਾਗ ਦਾ ਨਿਚਲਾ ਕਿਨਾਰਾ ਮੁਕੰਮਲ ਫਰਸ਼ ਤੋਂ 900 ਐਮਐਮ (36 ") ਤੋਂ ਉੱਪਰ ਹੋਵੇ, ਜਾਂ ਖਿੜਕੀ ਦਾ ਖੁੱਲਣਯੋਗ ਹਿੱਸਾ 1800 ਐਮਐਮ (6 ਫੁੱਟ) ਤੋਂ ਘੱਟ ਫਰਸ਼ ਤੋਂ ਜਾਂ ਖਿੜਕੀ ਦੇ ਦੂਜੇ ਪਾਸੇ ਦੀ ਜ਼ਮੀਨ ਤੋਂ ਉੱਪਰ ਹੋਵੇ।

ਜੇ ਤੁਸੀਂ ਆਪਣੇ ਘਰ ਵਿੱਚ ਕੋਈ ਵੀ ਨਵੀਂ ਉਸਾਰੀ ਜਾਂ ਐਡੀਸ਼ਨ ਬਾਰੇ ਵਿਚਾਰ ਕਰ ਰਹੇ ਹੋ, ਤਾਂ ਕਾਲ ਕਰੋ 311 ਤੇ ਕਾਲ ਕਰੋ ਜਾਂ **calgary.ca/myhome** ਤੇ ਜਾਓ।

# ਮੁੜ ਬਣਾਉਣਾ ਜਾਂ ਪੁਨਰਸਥਾਪਿਤ ਕਰਨਾ

## ਮੁੜ ਬਣਾਉਣਾ

ਅਸੀਂ ਤੁਹਾਨੂੰ ਡਿਵੈਲਪਮੈਂਟ ਅਤੇ ਬਿਲਡਿੰਗ ਪਰਮਿਟਿੰਗ ਪ੍ਰਕਿਰਿਆ ਬਾਰੇ ਵਧੇਰੇ ਜਾਣਨ ਲਈ, ਅਤੇ ਇੱਕ ਪ੍ਰੀ-ਐਪਲੀਕੇਸ਼ਨ ਮੀਟਿੰਗ ਤੈਅ ਕਰਨ ਲਈ ਸਾਡੇ Planning Services Centre (ਪਲੈਨਿੰਗ ਸਰਵਿਸਿਜ਼ ਸੈਂਟਰ) ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

## ਪੁਨਰਸਥਾਪਿਤ ਕਰਨਾ

ਜੇ ਤੁਹਾਡਾ ਢਾਂਚਾਗਤ ਨੁਕਸਾਨ ਹੈ ਤਾਂ ਤੁਹਾਨੂੰ ਸਟਰੱਕਚਰਲ ਇੰਜੀਨੀਅਰ (Structural Engineer) ਨੂੰ ਨਿਯੁਕਤ ਕਰਨਾ ਚਾਹੀਦਾ ਹੈ। Planning Services Centre (ਪਲੈਨਿੰਗ ਸਰਵਿਸਿਜ਼ ਸੈਂਟਰ) ਨਾਲ ਸੰਪਰਕ ਕਰੋ।

## ਘਰ ਜਾਂ ਬੇਸਮੈਂਟ ਦਾ ਫਲੋਰ ਪਲੈਨ ਬਦਲਣਾ:

ਜੇ ਤੁਹਾਡੇ ਘਰ ਦਾ ਕੋਈ ਢਾਂਚਾਗਤ ਨੁਕਸਾਨ ਨਹੀਂ ਹੈ, ਪਰ ਤੁਸੀਂ ਹੁਣ ਆਪਣੇ ਘਰ ਜਾਂ ਬੇਸਮੈਂਟ ਦੇ ਮੌਜੂਦਾ ਫਲੋਰ ਪਲੈਨ ਨੂੰ ਬਦਲਣਾ ਚਾਹੁੰਦੇ ਹੋ, ਤਾਂ ਬਿਲਡਿੰਗ ਪਰਮਿਟ ਦੀ ਜ਼ਰੂਰਤ ਹੋਏਗੀ।

## ਬਿਲਡਿੰਗ ਪਰਮਿਟ

- ਸਟਰੱਕਚਰਲ ਇੰਜੀਨੀਅਰ ਦੀ ਸਮੀਖਿਆ ਦੀ ਲੋੜ ਵੀ ਹੋ ਸਕਦੀ ਹੈ
- **calgary.ca/myhome** ਤੇ ਔਨਲਾਈਨ ਅਪਲਾਈ ਕਰੋ

# ਢਾਹੁਣਾ

ਜੇ ਤੁਹਾਡੇ ਸਟਰੱਕਚਰਲ ਇੰਜੀਨੀਅਰ ਨੇ ਇਹ ਨਿਰਧਾਰਤ ਕੀਤਾ ਹੈ ਕਿ ਤੁਹਾਡੇ ਘਰ ਨੂੰ ਢਾਹੁਣ ਦੀ ਜ਼ਰੂਰਤ ਹੈ ਜਾਂ ਤੁਸੀਂ ਆਪਣਾ ਘਰ ਢਾਹੁਣ ਦਾ ਫੈਸਲਾ ਕੀਤਾ ਹੈ ਤਾਂ ਕਿਰਪਾ ਕਰਕੇ ਹੇਠ ਲਿਖਿਆਂ ਤੇ ਵਿਚਾਰ ਕਰੋ:

- ਆਪਣੇ ਢਾਹੁਣ ਵਾਲੇ ਠੇਕੇਦਾਰ ਜਾਂ ਜਨਰਲ ਠੇਕੇਦਾਰ ਦੇ ਨਾਲ ਆਪਣੇ ਖਰਾਬ ਹੋਏ ਘਰ ਨੂੰ ਢਾਹੁਣ ਲਈ ਆਪਣਾ ਡੈਮੋਲੀਸ਼ਨ ਪਰਮਿਟ ਲੈਣ ਲਈ ਕੰਮ ਕਰੋ।
- ਇਹ ਸੁਨਿਸ਼ਚਿਤ ਕਰੋ ਕਿ ਜਿਸ ਕੰਪਨੀ ਨੂੰ ਤੁਸੀਂ ਆਪਣੇ ਘਰ ਨੂੰ ਢਾਹੁਣ ਲਈ ਨਿਯੁਕਤ ਕੀਤਾ ਹੈ, ਉਹ ਅਲਬਰਟਾ ਸਰਕਾਰ ਦੇ ਐਸਬੈਸਟਸ ਘਟਾਉਣ ਦੇ ਦਿਸ਼ਾ-ਨਿਰਦੇਸ਼ਾਂ ਬਾਰੇ ਚੰਗੀ ਤਰ੍ਹਾਂ ਜਾਣਦੀ ਹੈ
- ਢਾਹੁਣ ਤੋਂ ਪਹਿਲਾਂ ਬਿਜਲੀ (ENMAX), ਗੈਸ (ATCO), ਅਤੇ ਪਾਣੀ (City of Calgary – Water Services) ਤੋਂ ਕੁਨੈਕਸ਼ਨ ਕਟਾਉਣ ਨੂੰ ਯਕੀਨੀ ਬਣਾਓ
- ਇਹ ਸੁਨਿਸ਼ਚਿਤ ਕਰੋ ਕਿ ਇਕ ਵਾਰ ਡੈਮੋਲਿਸ਼ਨ ਮੁਕੰਮਲ ਹੋਣ ਤੇ ਤੁਹਾਡਾ ਠੇਕੇਦਾਰ ਡੈਮੋਲਿਸ਼ਨ ਸਾਈਟ ਦਾ ਮੁਆਇਨਾ ਕਰਨ ਲਈ ਸਿਟੀ ਨਾਲ ਸੰਪਰਕ ਕਰਦਾ ਹੈ।

## ਜੇ ਮੇਰੇ ਕੋਈ ਪ੍ਰਸ਼ਨ ਹੋਣ ਤਾਂ ਮੈਂ ਕਿਸ ਨਾਲ ਸੰਪਰਕ ਕਰ ਸਕਦਾ/ਦੀ ਹਾਂ?

ਜੇ ਤੁਹਾਡੇ ਆਪਣੇ ਪਰਮਿਟਾਂ, ਇੰਸਪੈਕਸ਼ਨਾਂ ਜਾਂ ਡਿਵੈਲਪਮੈਂਟ ਐਪਲੀਕੇਸ਼ਨਾਂ ਨਾਲ ਸਬੰਧਤ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਇਹਨਾਂ ਨਾਲ ਸੰਪਰਕ ਕਰੋ:


Planning Services Centre

3rd Floor Municipal Building

800 Macleod Trail SE

403-268-5311

**calgary.ca/livechat**


20-0007397